BRAMPTON

Media Release

ਤੁਰੰਤ ਰਿਲੀਜ ਲਈ

## ਬ੍ਰੈਂਪਟਨ ਵਿੱਚ ਪੂਰੀ ਗਰਮੀ ਕਈ ਤਰ੍ਹਾਂ ਦੇ ਫੈਸਟੀਵਲਸ ਅਤੇ ਕਾਰਜਕਰਮਾਂ ਦਾ ਅਨੁਭਵ ਲਵੋ

ਬ੍ਰੈਂਪਟਨ, ਓਨਟੈਰੀਓ (19 ਮਈ, 2022) – ਸਿਟੀ ਆਫ ਬ੍ਰੈਂਪਟਨ ਵਿੱਚ ਪੂਰੇ ਪਰਿਵਾਰ ਵਾਸਤੇ ਅਨੰਦ ਮਾਣਨ ਲਈ ਗਰਮੀ ਵਿੱਚ ਕਈ ਰੋਮਾਂਚਕ ਫੈਸਟੀਵਲਸ ਅਤੇ ਕਾਰਜਕਰਮ ਹੋ ਰਹੇ ਹਨ। 20 ਮਈ ਤੋਂ 11 ਸਤੰਬਰ ਤੱਕ, ਨਿਵਾਸੀਆਂ ਅਤੇ ਆਉਣ ਵਾਲਿਆਂ (ਵਿਜੀਟਰਸ) ਨੂੰ ਸਿਟੀ ਵਿੱਚ ਗਰਮੀ ਦਾ ਅਨੰਦ ਮਾਣਨ ਲਈ ਸੱਦਾ ਦਿੱਤਾ ਜਾਂਦਾ ਹੈ; 114-ਦਿਨਾਂ ਦੇ ਸੀਜਨ ਵਿੱਚ ਲਗਭਗ 100 ਦਿਨਾਂ ਤੱਕ ਪ੍ਰੋਗਰਾਮਿੰਗ ਪੇਸ਼ ਕੀਤੀ ਜਾ ਰਹੀ ਹੈ, ਜਿਸ ਵਿੱਚ ਸ਼ਾਮਲ ਹੈ:

- ਫੈਸਟੀਵਲਸ ਅਤੇ ਕਾਰਜਕਰਮ, ਜਿਵੇਂ ਪ੍ਰਾਈਡ 2022 (Pride 2022), ਨੈਸ਼ਨਲ ਇੰਡੀਜੀਨਸ ਪੀਪਲਸ ਡੇ (National Indigenous Peoples' Day) ਅਤੇ ਕੈਨੇਡਾ ਡੇ (Canada Day);
- ਕਮਿਉਨਿਟੀ ਵੱਲੋਂ ਸੰਚਾਲਿਤ ਕਾਰਜਕਰਮ, ਜਿਵੇਂ ਵਰਲਡ ਆਫ ਜੈਜ਼ (World of Jazz) ਅਤੇ ਵਾਈਬ੍ਰੈਂਟ ਬ੍ਰੈਂਪਟਨ (Vibrant Brampton);
- ਹਫਤਾਵਾਰ ਪ੍ਰੋਗਰਾਮਿੰਗ, ਜਿਵੇਂ ਪਿਆਰੀ ਬ੍ਰੈਂਪਟਨ ਫਾਰਮਰਸ ਮਾਰਕੀਟ (Brampton Farmers' Market) ਅਤੇ ਮੂਵੀ ਨਾਈਟਸ (Movie Nights); ਅਤੇ
- ਹੋਰ ਵੀ ਬਹੁਤ ਕੁਝ!

ਸਿਟੀ ਆਫ ਬ੍ਰੈਂਪਟਨ, ਪੂਰੇ ਸ਼ਹਿਰ ਵਿੱਚ ਵਿਅਕਤੀਗਤ ਕਾਰਜਕਰਮਾਂ ਲਈ ਨਿਵਾਸੀਆਂ ਅਤੇ ਆਉਣ ਵਾਲਿਆਂ ਦਾ ਇੱਕ ਵਾਰ ਫਿਰ ਸੁਆਗਤ ਕਰਨ ਲਈ ਉਤਸ਼ਾਹਿਤ ਹੈ, ਜੋ ਬ੍ਰੈਂਪਟਨ ਦੀ ਵੰਨ-ਸੁਵੰਨਤਾ ਦਾ ਜਸ਼ਨ ਮਨਾਉਂਦੇ ਹਨ, ਸ਼ਹਿਰੀ ਮਾਣ ਵਾਸਤੇ ਉਤਸ਼ਾਹਿਤ ਕਰਦੇ ਹਨ, ਪਬਲਿਕ ਥਾਵਾਂ ਨੂੰ ਸਰਗਰਮ ਕਰਦੇ ਹਨ ਅਤੇ ਕਲਾ ਅਤੇ ਸੱਭਿਆਚਾਰਕ ਮੰਚ ਨੂੰ ਉਜਾਗਰ ਕਰਦੇ ਹਨ।

ਸਿਟੀ ਆਫ ਬ੍ਰੈਂਪਟਨ ਦਾ ਕਾਰਜਕਰਮ ਕੈਲੰਡਰ, ਗਰਮੀ ਦੇ ਕਾਰਜਕਰਮਾਂ ਦੀ ਯੋਜਨਾ ਬਣਾਉਣ ਲਈ ਵਨ-ਸਟੌਪ-ਸ਼ੌਪ ਵਜੋਂ ਕੰਮ ਕਰੇਗਾ। ਕਾਰਜਕਰਮ ਆਯੋਜਕਾਂ ਨੂੰ ਪੂਰੇ ਸ਼ਹਿਰ ਵਿੱਚ ਆਪਣੇ ਕਾਰਜਕਰਮਾਂ ਦਾ ਪ੍ਰਚਾਰ ਕਰਨ ਵਿੱਚ ਮਦਦ ਲਈ, ਵੇਰਵਿਆਂ ਨੂੰ ਕੈਲੰਡਰ ਵਿੱਚ ਸ਼ਾਮਲ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ। ਕੈਲੰਡਰ ਵਿੱਚ ਕੋਈ ਕਾਰਜਕਰਮ ਸ਼ਾਮਲ ਕਰਨ ਅਤੇ ਇਹ ਦੇਖਣ ਲਈ ਕਿ ਕੀ ਸ਼ੈਡਿਊਲ ਕੀਤਾ ਗਿਆ ਹੈ, brampton.ca/events ਤੇ ਜਾਓ। ਕਾਰਜਕਰਮ, ਪੂਰੀ ਗਰਮੀ ਦੇ ਦੌਰਾਨ ਲਗਾਤਾਰ ਸ਼ਾਮਲ ਕੀਤੇ ਜਾਣਗੇ।

**ਸਪੋਰਟ ਲੋਕਲ (Support Local)**

ਬ੍ਰੈਂਪਟਨ ਵਿੱਚ ਕਿਸੇ ਕਾਰਜਕਰਮ ਲਈ ਮੌਜੂਦ ਹੋਣ ਵੇਲੇ, ਕਿਉਂ ਨਾ ਉਸ ਦਿਨ ਦਾ ਫਾਇਦਾ ਲਿਆ ਜਾਵੇ? ਬ੍ਰੈਂਪਟਨ ਫੂਡ ਗਾਈਡ (Brampton Food Guide) ਦੇ ਪੰਨਿਆਂ ਤੇ ਨਜ਼ਰ ਮਾਰੋ ਅਤੇ ਕਿਸੇ ਲੋਕਲ ਰੈਸਟੋਰੈਂਟ ਨੂੰ ਸਪੋਰਟ ਕਰੋ। ਬ੍ਰੈਂਪਟਨ ਦਾ ਵੰਨ-ਸੁਵੰਨਾ ਫੂਡ ਮੰਚ, ਪੂਰੀ ਦੁਨੀਆ ਦੇ ਬੇਜੋੜ ਸੁਆਦ ਪੇਸ਼ ਕਰਦਾ ਹੈ। ਅੱਜ ਹੀ ਗਾਈਡ ਦੇ ਪੰਨਿਆਂ ਤੇ ਨਜ਼ਰ ਮਾਰੋ ਅਤੇ ਆਪਣੀ ਨਵੀਂ ਮਨਪਸੰਦ ਥਾਂ ਲੱਭੋ। ਹੋਰ ਜਾਣਕਾਰੀ, brampton.ca/tourism ਤੇ ਪ੍ਰਾਪਤ ਕਰੋ।

**ਡਾਉਨਟਾਉਨ ਰੀਵਾਈਟਲਾਈਜ਼ੇਸ਼ਨ (Downtown Revitalization)**

ਡਾਉਨਟਾਉਨ ਬ੍ਰੈਂਪਟਨ (Downtown Brampton) ਵਿੱਚ ਪਰਿਵਰਤਨ ਹੋ ਰਿਹਾ ਹੈ, ਜੋ ਖੇਤਰ ਵਿੱਚ ਵਾਟਰਮੇਨ ਅਤੇ ਸੈਨੀਟਰੀ ਸੀਵਰਾਂ ਨੂੰ ਬਦਲਣ ਲਈ ਰੀਜਨ ਆਫ ਪੀਲ (Region of Peel) ਦੀ ਅਗਵਾਈ ਵਿੱਚ ਕੀਤਾ ਜਾ ਰਿਹਾ ਹੈ। ਇਸਦੇ ਨਤੀਜੇ ਵਜੋਂ, ਕਈ ਸੜਕਾਂ ਬੰਦ ਰਹਿਣਗੀਆਂ। ਜੇਕਰ ਤੁਸੀਂ ਕਿਸੇ ਫੈਸਟੀਵਲ ਲਈ ਡਾਉਨਟਾਉਨ ਜਾ ਰਹੇ ਹੋ, ਤਾਂ ਪਹਿਲਾਂ ਯੋਜਨਾ ਬਣਾਓ।

ਮਿਉਨਿਸਿਪਲ ਪਾਰਕਿੰਗ ਬਾਰੇ ਅੱਪਡੇਟਸ, brampton.ca ਤੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਜਾਂ ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਦੇ ਦੁਆਰਾ ਉੱਥੇ ਪਹੁੰਚੋ। ਟ੍ਰਿਪਲਿੰਕਸ (Triplinx) ਦੇ ਨਾਲ ਪਹਿਲਾਂ ਹੀ ਆਪਣੀ ਟ੍ਰਿਪ ਦੀ ਯੋਜਨਾ ਬਣਾਓ।

**ਹਵਾਲੇ**

"ਗਰਮੀ ਆ ਗਈ ਹੈ ਅਤੇ ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਬਾਹਰ ਨਿੱਕਲੋ ਅਤੇ ਬ੍ਰੈਂਪਟਨ ਵਿੱਚ ਹੋਣ ਵਾਲੇ ਸ਼ਾਨਦਾਰ ਫੈਸਟੀਵਲਸ ਅਤੇ ਕਾਰਜਕਰਮਾਂ ਵਿੱਚੋਂ ਇੱਕ ਦਾ ਮਜ਼ਾ ਲਵੋ। ਸਾਡੇ ਖਾਸ ਕੈਨੇਡਾ ਡੇ ਕਾਰਜਕਰਮ ਤੋਂ ਲੈ ਕੇ ਹਫਤਾਵਾਰ ਬ੍ਰੈਂਪਟਨ ਫਾਰਮਰਸ ਮਾਰਕੀਟ ਤੱਕ, ਹਰ ਕਿਸੇ ਲਈ ਕੁਝ ਨਾ ਕੁਝ ਮੌਜੂਦ ਹੈ!

- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ

"ਅਸੀਂ ਇਸ ਗਰਮੀ ਸਾਡੇ ਨਿਵਾਸੀਆਂ ਅਤੇ ਆਉਣ ਵਾਲਿਆਂ ਲਈ ਬਾਹਰ ਨਿਕੱਲਣ ਅਤੇ ਬ੍ਰੈਂਪਟਨ ਦਾ ਸਹੀ ਅਨੁਭਵ ਲੈਣ ਲਈ ਯੋਜਨਾਬੱਧ, ਅਸੀਮ ਪ੍ਰੋਗਰਾਮਿੰਗ ਨੂੰ ਲੈ ਕੇ ਉਤਸ਼ਾਹਿਤ ਹਾਂ। ਮੈਂ ਸਾਡੇ ਕਮਿਉਨਿਟੀ ਭਾਈਵਾਲਾਂ ਨੂੰ ਸਲਾਹ ਦਿੰਦਾ ਹਾਂ ਕਿ ਇਹ ਸਾਂਝਾ ਕਰਨ ਵਾਸਤੇ ਕਾਰਜਕਰਮਾਂ ਨੂੰ ਕੈਲੰਡਰ ਵਿੱਚ ਸ਼ਾਮਲ ਕਰੋ ਕਿ ਉਹ, ਇਸ ਸੀਜਨ ਨਿਵਾਸੀਆਂ ਅਤੇ ਆਉਣ ਵਾਲਿਆਂ ਲਈ ਬ੍ਰੈਂਪਟਨ ਕਮਿਉਨਿਟੀ ਵਿੱਚ ਕੀ ਪੇਸ਼ ਕਰ ਰਹੇ ਹਨ।"

- ਹਰਕੀਰਤ ਸਿੰਘ (Harkirat Singh), ਸਿਟੀ ਕਾਊਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ

"ਸਿਟੀ ਆਫ ਬ੍ਰੈਂਪਟਨ ਅਤੇ ਇਸਦੇ ਕਮਿਉਨਿਟੀ ਭਾਈਵਾਲਾਂ ਕੋਲ, ਪੂਰੀ ਸਿਟੀ ਵਿੱਚ ਹਰ ਕਿਸੇ ਦੇ ਅਨੰਦ ਮਾਣਨ ਵਾਸਤੇ ਯੋਜਨਾਬੱਧ, ਗਰਮੀ ਦੀ ਕਈ ਤਰ੍ਹਾਂ ਦੀ ਰੋਮਾਂਚਕ ਪ੍ਰੋਗਰਾਮਿੰਗ ਹੈ। ਇਸ ਗਰਮੀ, ਬ੍ਰੈਂਪਟਨ, ਜੁੜਨ, ਸ਼ਾਮਲ ਹੋਣ ਅਤੇ ਅਨੰਦ ਮਾਣਨ ਦੀ ਥਾਂ ਹੈ!"

- ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca